31/03/10 17:01 HP LASERJET FAX P.01

FROM :CONTROL ROOM PB FAX NO. :0172 2740035 31 Mar. 2010 5:02PM P1

ਨੰ: 9/1/2010-2ਪੀਪੀ2/547

ਪੰਜਾਬ ਸਰਕਾਰ

ਵਿੱਤ ਵਿਭਾਗ

(ਪੀ.ਪੀ.-2 ਸ਼ਾਖਾ)

ਮਿਤੀ, ਚੰਡੀਗੜ੍ਹ: 31-3-2010

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
   ਡਵੀਜਨਾਂ ਦੇ ਕਮਿਸ਼ਨਰਜ਼, ਜਿਲਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
   ਉਪ ਮੰਡਲ ਅਫਸਰ (ਸਿਵਲ), ਪੰਜਾਬ।
2. ਰਾਜ ਦੇ ਸਮੂਹ ਬੋਰਡ/ਕਾਰਪੋਰੇਸ਼ਨ ਦੇ ਚੇਅਰਮੈਨ/ਮੈਨੇਜਿੰਗ ਡਾਇਰੈਕਟਰ

ਵਿਸ਼ਾ:- ਸਰਕਾਰੀ/ਲੋਕ ਪੱਖੀ ਅਦਾਰਿਆਂ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਕਾਲ ਵਿਚ ਇਕ ਸਾਲ ਦਾ ਵਾਧਾ ਕਰਨ ਬਾਰੇ।

-----

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 9/1/2010-2ਪੀਪੀ2/572 ਮਿਤੀ 27-1-2010 ਦੇ ਹਵਾਲੇ ਵਿਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਦੇ ਇਸ ਫੈਸਲੇ ਨੂੰ ਸਿਵਲ ਰਿੱਟ ਪਟੀਸ਼ਨ ਨੰ: 2247 ਆਫ 2010 - ਕੁਲਦੀਪ ਸਿੰਘ ਬਨਾਮ ਸਰਕਾਰ ਰਾਹੀਂ ਮਾਨਯੋਗ ਹਾਈ ਕੋਰਟ ਵਿਚ ਚੈਲਿੰਜ ਕੀਤਾ ਗਿਆ ਸੀ। ਮਾਨਯੋਗ ਹਾਈ ਕੋਰਟ ਵੱਲੋਂ ਇਸ ਰਿੱਟ ਪਟੀਸ਼ਨ ਵਿਚ ਮਿਤੀ 29-3-2010 ਨੂੰ ਆਪਣੇ ਫੈਸਲੇ ਰਾਹੀਂ ਸਰਕਾਰ ਦੇ ਪੱਤਰ ਨੰ: 9/1/2010-2ਪੀਪੀ2/572 ਮਿਤੀ 27-1-2010 ਨੂੰ ਕੁਆਸ਼ (Quash) ਕਰ ਦਿੱਤਾ ਹੈ। ਇਸ ਫੈਸਲੇ ਦਾ ਉਪਰੇਟਿਵ ਪਾਰਟ ਹੇਠ ਲਿਖੇ ਅਨੁਸਾਰ ਹੈ:-

xx xx xx xx xx

" In view of above un-disputed position, impugned instructions, Annexure P.3 cannot be sustained and are quashed. We, however, make it clear that this order will operate prospectively and will not affect the benefits already given under the said instructions. It is also made clear that the State will be at liberty to pass fresh order in accordance with law".

2. ਇਸ ਲਈ ਮਾਨਯੋਗ ਹਾਈ ਕੋਰਟ ਦੇ ਉਪਰੋਕਤ ਫੈਸਲੇ ਦੇ ਸਨਮੁੱਖ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਸਰਕਾਰ ਦੇ ਹਵਾਲਾ ਅਧੀਨ ਪੱਤਰ ਅਨੁਸਾਰ ਇਕ ਸਾਲ ਲਈ ਸੇਵਾ ਕਾਲ ਵਿਚ ਵਾਧਾ (ਆਪਸ਼ਨਲ) ਦਿੱਤਾ ਗਿਆ ਸੀ, ਉਨ੍ਹਾਂ ਨੂੰ ਮਾਨਯੋਗ ਅਦਾਲਤ ਦੇ ਉਪਰੋਕਤ ਫੈਸਲੇ ਦੇ ਸਨਮੁੱਖ ਤੁਰੰਤ ਰਲੀਵ ਕੀਤਾ ਜਾਵੇ ਅਤੇ ਉਪਰੋਕਤ ਪੱਤਰ ਅਨੁਸਾਰ ਹੋਰ ਕਿਸੇ ਵੀ ਅਧਿਕਾਰੀ/ਕਰਮਚਾਰੀ ਦੇ ਸੇਵਾ ਕਾਲ ਵਿਚ ਵਾਧਾ ਨਾ ਕੀਤਾ ਜਾਵੇ ਅਤੇ ਮਿਤੀ 31-3-2010 ਨੂੰ ਸੇਵਾ ਨਿਵਿਰਤ ਹੋਣ ਵਾਲੇ ਕਰਮਚਾਰੀਆਂ/ਅਧਿਕਾਰੀਆਂ ਨੂੰ ਵੀ ਤੁਰੰਤ ਨਿਯਮਾਂ ਅਨੁਸਾਰ ਸੇਵਾ ਨਿਵਿਰਤ ਕੀਤਾ ਜਾਵੇ। ਜੇਕਰ ਕਿਸੇ ਵੀ ਅਧਿਕਾਰੀ ਵੱਲੋਂ ਮਾਨਯੋਗ ਅਦਾਲਤ ਦੇ ਉਪਰੋਕਤ ਹੁਕਮਾਂ ਸਬੰਧੀ ਕੋਈ ਅਣਗਹਿਲੀ ਕੀਤੀ ਗਈ ਤਾਂ ਉਸ ਲਈ ਸਬੰਧਿਤ ਅਧਿਕਾਰੀ/ਕਰਮਚਾਰੀ ਜ਼ਿੰਮੇਵਾਰ ਹੋਵੇਗਾ।

3. ਇਸ ਫੈਸਲੇ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸ਼ ਪਾਤਰ
(ਚਿਮਨ ਲਾਲ ਸ਼ਰਮਾ)
ਅਧੀਨ ਸਕੱਤਰ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅ.ਵਿ.ਪ.ਨੰ: 9/1/2010-2ਪੀਪੀ2/542 ਮਿਤੀ, ਚੰਡੀਗੜ੍ਹ: 31-3-2010

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ;
2) ਸਮੂਹ ਮੰਤਰੀਆਂ/ਮੁੱਖ ਸੰਸਦੀ ਸਕੱਤਰਾਂ ਦੇ ਵਿਸ਼ੇਸ਼ ਸਕੱਤਰ/ਸਕੱਤਰ ਅਤੇ ਨਿੱਜੀ ਸਕੱਤਰ; ਅਤੇ
3) ਸਕੱਤਰ/ਮੁੱਖ ਸਕੱਤਰ, ਪੰਜਾਬ।

ਸੁਪਰਡੰਟ

ਸੇਵਾ ਵਿਖੇ

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ;
2) ਸਮੂਹ ਮੰਤਰੀਆਂ/ਮੁੱਖ ਸੰਸਦੀ ਸਕੱਤਰਾਂ ਦੇ ਵਿਸ਼ੇਸ਼ ਸਕੱਤਰ/ਸਕੱਤਰ ਅਤੇ ਨਿੱਜੀ ਸਕੱਤਰ; ਅਤੇ
3) ਸਕੱਤਰ/ਮੁੱਖ ਸਕੱਤਰ, ਪੰਜਾਬ।

ਅ.ਵਿ.ਪ.ਨੰ: 9/1/2010-2ਪੀਪੀ2/543 ਮਿਤੀ, ਚੰਡੀਗੜ੍ਹ: 31-3-2010

ਪ੍ਰਿਠਾਂਕਣ ਨੰ: 9/1/2010-2ਪੀਪੀ2/544

ਪਿੱਠ ਅੰਕਣ ਨੰ: 65/ 869/ 2ਪੀ20/ਜਿਲਦ-13 ਮਿਤੀ: 31.03.2010

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਇਸ ਦਫ਼ਤਰ ਦੇ ਮੀਮੋ ਨੰ:12552/13236/ 2ਪੀ20/ਜਿਲਦ-13 ਮਿਤੀ: 28.01.2010 ਅਤੇ ਪਿੱਠ ਅੰਕਣ ਨੰ:13237/13256 / 2ਪੀ20/ ਜਿਲਦ-13 ਮਿਤੀ: 28.01.2010 ਦੀ ਲਗਾਤਾਰਤਾ ਵਿੱਚ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ :-

1. ਡੀ.ਜੀ.ਪੀ./ਵੀ.ਐਂਡ.ਐਸ, ਪੰ:ਰਾ:ਬਿ:ਬੋ:, ਪਟਿਆਲਾ ।
2. ਸਾਰੇ ਜਨਰਲ ਮੈਨੇਜਰ/ ਇੰਜ:-ਇਨ-ਚੀਫ / ਮੁੱਖ ਇੰਜੀਨੀਅਰ, ਪੰ:ਰਾ:ਬਿ:ਬੋ: ।
3. ਮੁੱਖ ਆਈ.ਆਰ. ਤੇ ਡਬਲਯੂ, ਪੰ:ਰਾ:ਬਿ:ਬੋ:, ਪਟਿਆਲਾ ।
4. ਸਾਰੇ ਨਿਗਰਾਨ ਇੰਜੀਨੀਅਰ, ਪੰ:ਰਾ:ਬਿ:ਬੋ:।
5. ਸਾਰੇ ਸੀਨੀ. ਕਾ: ਇੰਜ: ਪੰ:ਰਾ:ਬਿ:ਬੋ:।
6. ਸਾਰੇ ਮੁੱਖ ਲੇਖਾ ਅਫ਼ਸਰ, ਉਪ ਸਕੱਤਰ, ਅਧੀਨ ਸਕੱਤਰ, ਪੰ:ਰਾ:ਬਿ:ਬੋ:।
7. ਓ.ਐਸ.ਡੀ(ਟੂ) ਚੇਅਰਮੈਨ, ਪੰ:ਰਾ:ਬਿ:ਬੋ:, ਪਟਿਆਲਾ ।
8. ਨਿਰਦੇਸ਼ਕ/ਪ੍ਰਸੋਨਲ/ਤਕਨੀਕੀ/ਆਈਟੀ, ਪੰ:ਰਾ:ਬਿ:ਬੋ:, ਪਟਿਆਲਾ ।
9. ਮੁੱਖ ਐਡੀਟਰ, ਸੀ.ਸੀ.ਸੀ.ਆਰ, ਪੰ:ਰਾ:ਬਿ:ਬੋ:, ਪਟਿਆਲਾ।
10. ਐਸ.ਈਜ਼ (ਟੀ), ਐਸ.ਏ.ਅਕਾਊਂਟਸ ਟੂ ਮੈਂਬਰਜ, ਪੰ:ਰਾ:ਬਿ:ਬੋ:, ਪਟਿਆਲਾ ।
11. ਉਪ ਸਕੱਤਰ/ਟੂ, ਚੇਅਰਮੈਲ, ਸੀਨੀਅਰ ਨਿੱਜੀ ਸਕੱਤਰ ਟੂ ਮੈਬਰਜ/ਸਕੱਤਰ, ਪੰ:ਰਾ:ਬਿ:ਬੋ:, ਪਟਿਆਲਾ ।

31/3/10

ਸੰਯੁਕਤ ਸਕੱਤਰ/ਪ੍ਰਸੋਨਲ,
ਪੰ:ਰਾ:ਬਿ:ਬੋ:, ਪਟਿਆਲਾ ।

ਪਿੱਠ ਅੰਕਣ ਨੰ: 65/ 869/ 2ਪੀ20/ਜਿਲਦ-13 ਮਿਤੀ: 31.03.2010

ਉਪਰੋਕਤ ਦਾ ਉਤਾਰਾ ਅਧੀਨ ਸਕੱਤਰ/ ਪ੍ਰਸੋਨਲ, ਪ੍ਰਸੋਨਲ ਵਿਭਾਗ (ਪੀ.ਪੀ.2 ਸ਼ਾਖਾ), ਪੰਜਾਬ ਸਰਕਾਰ, ਚੰਡੀਗੜ੍ਹ ਦੇ ਪੱਤਰ ਨੰ: 341 ਮਿਤੀ 1.03.2010 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

31/3/10

ਸੰਯੁਕਤ ਸਕੱਤਰ/ਪ੍ਰਸੋਨਲ,
ਪੰ:ਰਾ:ਬਿ:ਬੋ:, ਪਟਿਆਲਾ ।